# ਪ੍ਰੈਸ ਰਿਪੋਟ

## ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਅਤੇ ਵਿਰਸਾ

ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇਵ ਨਗਰ ਵਿਖੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਦੋ ਰੋਜ਼ਾ ਅੰਤਰਰਾਸ਼ਟਰੀ ਕਾਂਫ੍ਰੇਸ ਦਾ ਆਯੋਜਨ ਕੀਤਾ ਗਿਆ।ਇਸ ਅਵਸਰ ਤੇ ਦਿੱਲੀ, ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਜੰਮੂ ਦੇ ਨਾਲ ਅਮਰੀਕਾ ਤੇ ਇੰਗਲੈਂਡ ਤੋਂ ਵਿਦਵਾਨ ਸ਼ਾਮਿਲ ਹੋਏ।ਇਸ ਕਾਂਫ੍ਰੇਸ ਦੇ ਅਰੰਭਕ ਸੈਸ਼ਨ ਦੀ ਪ੍ਰਧਾਨਗੀ ਦਿੱਲੀ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਚਾਂਸਲਰ ਡਾ. ਜਸਪਾਲ ਸਿੰਘ ਨੇ ਕੀਤੀ। ਉਨ੍ਹਾਂ ਕਿਹਾ ਕਿ, 'ਸਮਾਜ ਦੀਆਂ ਗਲਤ ਕਦਰਾਂ-ਕੀਮਤਾਂ ਨੂੰ ਦੇਖ ਕੇ ਗੁਰੂ ਨਾਨਕ ਕਦੇ ਚੁੱਪ ਨਹੀਂ ਰਹੇ। ਸਾਰਾ ਸਿੱਖ ਧਰਮ ਉਨ੍ਹਾਂ ਦੇ ਇਸ ਸੁਰ ਦਾ ਹੀ ਪ੍ਰਤੀਰੂਪ ਹੈ।' ਪ੍ਰੋ. ਸੁਖਦਿਆਲ ਸਿੰਘ ਨੇ ਕਾਂਫ੍ਰੇਸ ਦੇ ਕੁਜੀਵੰਤ ਭਾਸ਼ਣ ਵਿੱਚ ਅਨੇਕ ਨਵੇਂ ਨੁਕਤਿਆਂ ਨੂੰ ਪੇਸ਼ ਕਰਦਿਆਂ ਕਿਹਾ ਕਿ, 'ਸਿੱਖ ਧਰਮ ਦੀ ਆਰਜਾ ਇਸ ਦੇ 'ਗ੍ਰੰਥ ਤੇ ਪੰਥ' ਉਤੇ ਆਧਾਰਿਤ ਹੈ। ਇਹ ਕਾਇਮ ਰਹਿਣ ਤੇ ਹੀ ਸਿੱਖ ਧਰਮ ਕਾਇਮ ਰਹੇਗਾ।

ਦਿੱਲੀ ਸਿੱਖ ਗੁ.ਪ੍ਰ. ਕਮੇਟੀ ਦੀ ਉਪ-ਪ੍ਰਧਾਨ ਬੀਬੀ ਰਣਜੀਤ ਕੌਰ ਨੇ ਕਿਹਾ ਕਿ, 'ਗੁਰੂ ਨਾਨਕ ਨੇ ਉਸ ਜ਼ਮਾਨੇ ਵਿੱਚ ਵੀ ਇਸਤਰੀ ਦੇ ਸਨਮਾਨ ਦੀ ਗੱਲ ਕੀਤੀ।' ਇਸ ਸੈਸ਼ਨ ਦੇ ਮੁੱਖ ਮਹਿਮਾਨ ਪ੍ਰੋ. ਨਾਸ਼ਿਰ ਨਕਵੀ ਨੇ ਉਰਦੂ ਸਾਹਿਤ ਵਿੱਚ ਗੁਰੂ ਨਾਨਕ ਨੂੰ ਕੇਂਦਰ ਵਿੱਚ ਰੱਖ ਕੇ ਰਖੀਆਂ ਕਵਿਤਾਵਾਂ ਦਾ ਜ਼ਿਕਰ ਕੀਤਾ ਤੇ ਕੁਝ ਕਵਿਤਾਵਾਂ ਦੀਆਂ ਕੁਝ ਸਤਰਾਂ ਪੇਸ਼ ਕੀਤੀਆਂ।

ਇਸ ਤੋਂ ਬਾਦ ਦੇ ਸੈਸ਼ਨ ਵਿੱਚ ਡਾ. ਧਨਵੰਤ ਕੌਰ ਨੇ 'ਗੁਰੂ ਨਾਨਕ ਦੀ ਸਾਖ਼ੀ ਪਰੰਪਰਾ' ਦੀ ਗੱਲ ਕੀਤੀ।ਡਾ. ਬੇਅੰਤ ਕੌਰ ਨੇ '੧ੳ ਵਿਚਲੇ ਸੰਵਾਦ ਵਿਸ਼ੇ ਉਤੇ ਤੇ ਨਕੋਦਰ ਤੋਂ ਆਏ ਡਾ. ਕਰਮਜੀਤ ਸਿੰਘ ਨੇ 'ਗੁਰੂ ਨਾਨਕ ਵਿਚਲੇ ਆਰਥਕ ਪੱਖਾਂ' ਨੂੰ ਸਰੋਤਿਆਂ ਸਾਹਮਣੇ ਸਾਹਮਣੇ ਰੱਖਿਆ।ਉਨ੍ਹਾਂ ਦਾ ਇਹ ਪੇਪਰ ਬਹੁਤ ਸਲਾਹਿਆ ਗਿਆ।

ਪਹਿਲੇ ਹੀ ਦਿਨ ਵੱਖ-ਵੱਖ ਸੈਸ਼ਨਾਂ ਵਿੱਚ ਹੋਰ ਵੀ ਕਈ ਪੇਪਰ ਪੜ੍ਹੇ ਗਏ, ਜਿਨ੍ਹਾਂ ਵਿੱਚ ਡਾ. ਆਸਿਫ਼ ਰਾਸ਼ਿਦ ਵਾਨੀ, ਡਾ. ਬਲਜੀਤ ਸਿੰਘ ਤੇ ਡਾ. ਤਰਵਿੰਦਰ ਕੌਰ ਨੇ 'ਬਾਣੀ ਵਿਚਲੇ ਜੀਵਨ ਤੇ ਮੌਤ ਦੇ ਸੰਕਲਪ' ਉਤੇ ਪੇਪਰ ਪੜ੍ਹੇ।ਦੂਜੀ ਥਾਂ ਉਤੇ ਚਲ ਰਹੇ ਸੈਸ਼ਨ ਵਿੱਚ ਡਾ. ਬਲਵਿੰਦਰਜੀਤ ਕੌਰ ਭੱਟੀ ਨੇ ਧਰਮ ਦੀ ਅਜੋਕੇ ਸਮੇਂ ਦੀ ਪ੍ਰਸੰਗਿਕਤਾ ਬਾਰੇ, ਡਾ. ਰੇਨੂੰ ਦੁੱਗਲ ਨੇ 'ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਬਾਰੇ, ਡਾ. ਭਗਵੰਤ ਕੌਰ ਨੇ 'ਬਾਬਰਵਾਣੀ ਰਚੇ ਜਾਣ ਦੀ ਸਥਿਤੀਆਂ ਦੀ ਵਿਆਖਿਆ ਇਤਿਹਾਸਿਕ ਤੱਥਾਂ ਰਾਹੀਂ ਕੀਤੀ। ਡਾ. ਕੁਲਦੀਪ ਕੌਰ ਪਾਹਵਾ ਨੇ 'ਗੁਰੂ ਨਾਨਕ ਦੀ ਬਾਣੀ ਦਾ ਵਿਗਿਆਨਿਕ ਵਿਵੇਕ' ਜਿਹੇ ਨਿਵੇਕਲੇ ਵਿਸ਼ੇ ਨੂੰ ਛੋਹਿਆ।ਡਾ. ਅਬਿਨਾਸ਼ ਕੌਰ ਨੇ ਗੁਰੂ ਨਾਨਕ ਦੇ ਸਮੁੱਚੇ ਜੀਵਨ ਤੇ ਮੁੱਲਾਂ ਤੇ ਰੋਸ਼ਨੀ ਪਾਈ।

## ਦੂਸਰੇ ਦਿਨ- ਪੰਜ ਸੈਸ਼ਨ

ਦੋ ਰੋਜ਼ਾ ਇਸ ਕਾਂਫ੍ਰੇਸ ਦੇ ਦੂਸਰੇ ਦਿਨ ਵੀ ਦੋ ਥਾਂਵਾਂ ਉਤੇ ਵਿਭਿੰਨ ਪੇਪਰ ਪੜ੍ਹੇ ਗਏ।ਹਰ ਸੈਸ਼ਨ ਵਿੱਚ ਪੰਜ-ਪੰਜ ਵਕਤਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਸਵੇਰ ਦੇ ਸੈਸ਼ਨ ਵਿੱਚ ਮਾਤਾ ਸੁੰਦਰੀ ਕਾਲਜ ਦੀ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ 'ਗੁਰੂ ਨਾਨਕ ਦੇ ਆਦਰਸ਼ ਸਮਾਜ ਵਿਚਲੇ ਮੂਲ ਤੱਤਾਂ' ਨਾਮਕ ਪਰਚੇ ਵਿੱਚ ਕਿਹਾ ਕਿ, 'ਗੁਰੂ ਨਾਨਕ ਨੇ ਸਵੈ ਗ੍ਰਹਿਸਥ ਜੀਵਨ ਜੀਵਿਆ ਤੇ ਕਰਤਾਰਪੁਰ ਖੇਤੀ ਵੀ ਕੀਤੀ।' ਡਾ. ਹਰਬੰਸ ਕੌਰ ਸੱਗੂ ਨੇ 'ਗੁਰੂ ਨਾਨਕ ਦੀ ਮੱਕਾ ਯਾਤਰਾ' ਵਿਚਲੇ ਮਾਰਗ ਦੀ ਨਿਸ਼ਾਨਦੇਹੀ ਕੀਤੀ ਤੇ ਪਾਕਪਟਨ ਤੇ ਪਾਕਿਸਤਾਨ ਵਿਚਲੇ ਅਨੇਕ ਗੁਰਦੁਆਰਿਆਂ ਦੀਆਂ ਤਸਵੀਰਾਂ ਨੂੰ ਪ੍ਰਦਰਸ਼ਿਤ ਕੀਤਾ।ਇਸ ਦੇ ਨਾਲ ਹੀ ਚਲ ਰਹੇ ਛੇਵੇਂ ਸੈਸ਼ਨ ਵਿੱਚ ਡਾ. ਦਰਸ਼ਨ ਸਿੰਘ ਆਸ਼ਟ, ਡਾ. ਇੰਦਰਜੀਤ ਕੌਰ, ਡਾ. ਜਸਮੀਤ ਕੌਰ ਭਾਟੀਆ ਨੇ 'ਗੁਰੂ ਨਾਨਕ ਦੀ ਫਿਲਾਸਫ਼ੀ ਦੀ ਗੱਲ ਕੀਤੀ, ਡਾ. ਪ੍ਰਭਲੀਨ ਸਿੰਘ ਦੇ ਨਾਲ ਡਾ. ਹਰਬੰਸ ਸਿੰਘ ਨੇ ਪੇਪਰ ਪੇਸ਼ ਕੀਤੇ। ਹਰਬੰਸ ਸਿੰਘ ਨੇ ਗੁਰੂ ਨਾਨਕ ਰਚਿਤ ਆਰਤੀ ਦੇ ਸਰਗੁਣ ਤੇ ਨਿਰਗੁਣ ਸਰੂਪ ਦੀ ਚਰਚਾ ਕੀਤੀ।

ਇਸ ਤੋਂ ਬਾਦ ਵਾਲੇ ਸੈਸ਼ਨ ਵਿੱਚ ਡਾ. ਅਬਨਾਸ਼ ਕੌਰ, ਡਾ. ਮਨਦੀਪ ਕੌਰ ਸਾਮਰਾ ਨੇ ਵੱਖ-ਵੱਖ ਵਿਸ਼ਿਆਂ ਉਤੇ ਪੇਪਰ ਪੜ੍ਹੇ।ਡਾ. ਭੁਪਿੰਦਰ ਕੌਰ ਨੇ ਗੁਰੂ ਨਾਨਕ ਬਾਣੀ ਵਿੱਚ ਇਸਤਰੀ ਵਿਮਰਸ਼' ਦੀ ਗੱਲ ਕੀਤੀ । ਡਾ. ਵਨੀਤਾ ਨੇ 'ਗੁਰੂ ਨਾਨਕ ਵਿੱਚ ਲੈਂਗਿਕ ਬਰਾਬਰਤਾ ਤੇ ਨਾਰੀ ਸਸ਼ਕਤੀਕਰਣ' ਉਤੇ ਪੇਪਰ ਪੜ੍ਹੇ।ਡਾ. ਦੀਪਮਾਲਾ ਨੇ ਗੁਰੂ ਨਾਨਕ ਦੇ ਵਿਚਾਰਾਂ ਦੀ ਅਜੋਕੇ ਸਮੇਂ ਵਿੱਚਲੀ ਪ੍ਰਸੰਗਿਕਤਾ ਦੀ ਗੱਲ ਕੀਤੀ। ਹਰਪ੍ਰੀਤ ਕੌਰ ਬਾਹਰੀ ਨੇ ਸਾਖ਼ੀ ਪਰੰਪਰਾ ਵਿਸ਼ੇ ਉਤੇ ਪੇਪਰ ਪੜ੍ਹਿਆ।

ਇਸ ਦੇ ਆਖ਼ਰੀ ਸੈਸ਼ਨ ਵਿੱਚ ਡਾ. ਰਾਜਵੰਤ ਕੌਰ ਨੇ 'ਨਾਨਕ ਦੇ ਜਨਮ ਸਮੇਂ ਦੌਲਤਾਂ ਦਾਈਂ ਦਾ ਜ਼ਿਕਰ ਕੀਤਾ ਤੇ ਦਾਈ ਦੇ ਮਹੱਤਵ ਨੂੰ ਦਰਸਾਇਆ।ਡਾ. ਪਰਮਜੀਤ ਕੌਰ ਨੇ 'ਬਾਰਾਂ ਮਾਹ ਤੁਖਾਰੀ' ਦੀ ਗੱਲ ਕਰਦਿਆਂ ਅਜੋਕੇ ਸਮੇਂ ਵਿੱਚ ਪਰਿਆਵਰਣ ਨੂੰ ਪਹੁੰਚ ਰਹੇ ਗੰਭੀਰ ਨੁਕਸਾਨ ਦੀ ਗੱਲ ਕੀਤੀ।ਡਾ. ਰਾਜਵੀਰ ਸਿੰਘ ਨੇ 'ਕਿਰਤੀ ਦੇ ਸੰਕਲਪ ਅਧੀਨ ਕਿਹਾ ਕਿ, ਅੱਜ ਸਭ ਤੋਂ ਵੱਧ ਬੇਕਦਰੀ ਕਿਰਤੀ ਦੀ ਹੋ ਰਹੀ ਹੈ, ਜਦਕਿ ਗੁਰੂ ਨਾਨਕ ਨੇ ਪਰਮਾਤਮਾ ਨੂੰ 'ਕਰਤਾ' ਕਿਹਾ ਹੈ।

ਕਾਂਫ੍ਰੇਸ ਦੀ ਸਮਾਪਤੀ ਵੇਲੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਮਨਮੋਹਨ ਕੌਰ ਨੇ ਕਿਹਾ ਕਿ, 'ਇਹ ਕਾਂਫ੍ਰੇਸ ਅੰਤ ਨਹੀਂ ਸ਼ੁਰੂਆਤ ਹੈ ਤੇ ਇਹ ਦੋ ਦਿਨ ਸਾਡੇ ਸਾਰਿਆਂ ਲਈ ਕੁਝ ਨਵਾਂ ਸਿੱਖਣ ਲਈ ਵਰਕਸ਼ਾਪ ਸਮਾਨ ਰਹੇ।'